29 ਨਵੰਬਰ ਤੱਕ ਨਿਰੰਤਰ ਜਾਰੀ ਰਹੇਗਾ ਲਾਈਟ ਐਂਡ ਸਾਊਂਡ ਸ਼ੋਅ ਤੇ ਡਰੋਨ ਸ਼ੋਅ-ਡਿਪਟੀ ਕਮਿਸ਼ਨਰ

ਡੀ. ਸੀ. ਤੇ ਐਸ. ਐਸ. ਪੀ. ਨੇ ਸ਼ਹੀਦੀ ਸਮਾਗਮ ਦੇ ਪ੍ਰਬੰਧਾਂ ਦੀ ਕੀਤੀ ਸਮੀਖਿਆ

ਸ੍ਰੀ ਅਨੰਦਪੁਰ ਸਾਹਿਬ, 27 ਨਵੰਬਰ (ਕਰਨੈਲ ਸਿੰਘ)-ਡਿਪਟੀ ਕਮਿਸ਼ਨਰ ਵਰਜੀਤ ਵਾਲੀਆ ਤੇ ਐਸ. ਐਸ. ਪੀ. ਰੂਪਨਗਰ ਗੁਲਨੀਤ ਸਿੰਘ ਖੁਰਾਨਾ ਵਲੋਂ ਵਿਰਾਸਤ-ਏ-ਖ਼ਾਲਸਾ ਦੇ ਮੀਟਿੰਗ ਹਾਲ ਵਿਖੇ ਅਧਿਕਾਰੀਆਂ ਨਾਲ ਵਿਸ਼ੇਸ਼ ਮੀਟਿੰਗ ਦੌਰਾਨ ਹਦਾਇਤ ਕੀਤੀ ਗਈ ਹੈ, ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਸ਼ਤਾਬਦੀ ਸਮਾਗਮਾਂ ਦੌਰਾਨ ਸ਼ਰਧਾਲੂਆਂ ਦੀ ਸਹੂਲਤ ਲਈ ਕੀਤੇ ਪ੍ਰਬੰਧ 29 ਨਵੰਬਰ ਤੱਕ ਜਾਰੀ ਰਹਿਣਗੇ। ਉਨ੍ਹਾਂ ਦੱਸਿਆ ਕਿ ਚਰਨ ਗੰਗਾ ਸਟੇਡੀਅਮ 'ਚ ਰੌਸ਼ਨੀ ਅਤੇ ਆਵਾਜ਼ ਸੋਅ ਸ਼ਾਮ 5 ਵਜੇ ਹੋਣਗੇ ਅਤੇ ਵਿਰਾਸਤ-ਏ-ਖ਼ਾਲਸਾ ਵਿਖੇ ਡਰੋਨ ਸ਼ੋਅ ਸ਼ਾਮ 6 ਵਜੇ ਹੋਣਗੇ। ਉਨ੍ਹਾਂ ਕਿਹਾ ਕਿ ਸ੍ਰੀ ਅਨੰਦਪੁਰ ਸਾਹਿਬ ਦੇ ਨੇੜਲੇ ਪਿੰਡ ਚੰਡੇਸਰ ਅਤੇ ਹੋਰ ਥਾਂਵਾਂ 'ਤੇ ਬਣਾਈ ਗਈ ਟੈਂਟ ਸਿਟੀ 'ਚ ਸ਼ਰਧਾਲੂਆਂ ਦੇ ਰਹਿਣ ਲਈ ਮੁਫ਼ਤ ਵਿਵਸਥਾ ਕੀਤੀ ਗਈ ਹੈ। ਇਸ ਟੈਂਟ ਸਿਟੀ ਦੀ ਬੁਕਿੰਗ 29 ਨਵੰਬਰ ਤੱਕ ਖੁੱਲ੍ਹੀ ਹੈ, ਸ਼ਰਧਾਲੂ ਪਹਿਲਾ ਦੀ ਤਰ੍ਹਾਂ ਆਪਣੀ ਬੁਕਿੰਗ ਕਰਵਾ ਸਕਦੇ ਹਨ। ਉਨ੍ਹਾਂ ਦੱਸਿਆ ਕਿ ਸ੍ਰੀ ਅਨੰਦਪੁਰ ਸਾਹਿਬ ਵਿਖੇ ਭਾਈ ਜੈਤਾ ਜੀ ਯਾਦਗਾਰ ਵਿਖੇ ਸਥਾਪਤ ਆਰਜ਼ੀ ਵਿਧਾਨ ਸਭਾ ਨੂੰ ਆਮ ਲੋਕਾਂ ਲਈ ਖੋਲ੍ਹਿਆ ਗਿਆ ਹੈ ਸਵੇਰੇ 9 ਵਜੇ ਤੋਂ ਸ਼ਾਮ ਵਜੇ ਤੱਕ ਆਮ ਲੋਕ ਵਿਧਾਨ ਸਭਾ ਦੇਖ ਸਕਦੇ ਹਨ। ਉਨ੍ਹਾਂ ਦੱਸਿਆ ਕਿ ਸ਼ਟਲ ਬੱਸ ਸਰਵਿਸ ਤੇ ਈ ਰਿਕਸ਼ਾ ਦੀ ਮੁਫ਼ਤ ਸੇਵਾ ਚੱਲ ਰਹੀ ਹੈ। ਸਿਹਤ ਸਹੂਲਤਾਂ ਦੇਣ ਲਈ ਆਮ ਆਦਮੀ ਕਲੀਨਿਕ ਬਣਾਏ ਗਏ ਹਨ। ਐਸ. ਐਸ. ਪੀ. ਗੁਲਨੀਤ ਸਿੰਘ ਖੁਰਾਨਾ ਨੇ ਕਿਹਾ ਕਿ ਸ਼ਰਧਾਲੂਆਂ ਦੀ ਸੁਰੱਖਿਆ ਲਈ ਅਧਿਕਾਰੀ ਅਤੇ ਕਰਮਚਾਰੀ ਤੈਨਾਤ ਰਹਿਣਗੇ, ਸੁਚਾਰੂ ਆਵਾਜਾਈ ਵਿਵਸਥਾ ਦਾ ਪ੍ਰਬੰਧ ਕੀਤਾ ਗਿਆ ਹੈ। ਇਸ ਮੌਕੇ ਚੰਦਰ ਜਯੋਤੀ ਸਿੰਘ ਵਧੀਕ ਡਿਪਟੀ ਕਮਿਸ਼ਨਰ, ਅਭਿਮੰਨਯੂ ਮਲਿਕ ਸਹਾਇਕ ਕਮਿਸ਼ਨਰ, ਅਰਵਿੰਦ ਮੀਨਾ ਐਸ. ਪੀ, ਪੂਜਾ ਸਿਆਲ ਵਧੀਕ ਡਿਪਟੀ ਕਮਿਸ਼ਨਰ (ਜ), ਜਸਪ੍ਰੀਤ ਸਿੰਘ ਐਸ. ਡੀ. ਐਮ. ਸ੍ਰੀ ਅਨੰਦਪੁਰ ਸਾਹਿਬ, ਡਾ. ਸੰਜੀਵ ਕੁਮਾਰ ਐਸ. ਡੀ. ਐਮ. ਰੂਪਨਗਰ, ਸੁਖਪਾਲ ਸਿੰਘ ਐਸ.ਡੀ.ਐਮ ਮੋਰਿੰਡਾ, ਸਚਿਨ ਪਾਠਕ ਐਸ. ਡੀ. ਐਮ. ਨੰਗਲ, ਅਮਰੀਕ ਸਿੰਘ ਸਿੱਧੂ ਐਸ. ਡੀ. ਐਮ. ਚਮਕੌਰ ਸਾਹਿਬ, ਹਰਕੀਰਤ ਸਿੰਘ ਡੀ. ਐਸ. ਪੀ. ਨੰਗਲ, ਜਸ਼ਨਦੀਪ ਸਿੰਘ ਡੀ. ਐਸ. ਪੀ. ਸ੍ਰੀ ਅਨੰਦਪੁਰ ਸਾਹਿਬ, ਡਾ. ਸੁਖਵਿੰਦਰਜੀਤ ਸਿੰਘ ਸਿਵਲ ਸਰਜਨ, ਕਾਰਜਕਾਰੀ ਇੰਜੀਨੀਅਰ ਹਰਜੀਤਪਾਲ ਸਿੰਘ ਤੇ ਵੱਖ ਵੱਖ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਸਨ।

ਸ਼ਹੀਦੀ ਸ਼ਤਾਬਦੀ ਸਮਾਗਮਾਂ ਸੰਬੰਧੀ ਵਿਰਾਸਤ-ਏ-ਖ਼ਾਲਸਾ ਵਿਖੇ ਵੱਖ-ਵੱਖ ਵਿਭਾਗੀ ਅਧਿਕਾਰੀਆਂ ਨਾਲ ਮੀਟਿੰਗ ਦੌਰਾਨ ਹਦਾਇਤਾਂ ਜਾਰੀ ਕਰਦੇ ਡਿਪਟੀ ਕਮਿਸ਼ਨਰ ਰੂਪਨਗਰ ਵਰਜੀਤ ਵਾਲੀਆ, ਜ਼ਿਲ੍ਹਾ ਪੁਲਿਸ ਮੁਖੀ ਗੁਲਨੀਤ ਸਿੰਘ ਖੁਰਾਨਾ ਤੇ ਹੋਰ।

ਜ਼ਿਲ੍ਹਾ ਰੋਜ਼ਗਾਰ ਬਿਊਰੋ ਰੂਪਨਗਰ ਵਲੋਂ ਰੁਜ਼ਗਾਰ ਕੈਂਪ ਅੱਜ

ਰੂਪਨਗਰ, 27 ਨਵੰਬਰ (ਸਤਨਾਮ ਸਿੰਘ ਸੱਤੀ)-ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਰੂਪਨਗਰ ਵਲੋਂ ਡਿਪਟੀ ਕਮਿਸ਼ਨਰ ਵਰਜੀਤ ਵਾਲੀਆ ਦੇ ਦਿਸ਼ਾ-ਨਿਰਦੇਸ਼ਾਂ ਹੇਠ 28 ਨਵੰਬਰ ਨੂੰ ਰੁਜ਼ਗਾਰ ਕੈਂਪ ਲਗਾਇਆ ਜਾ ਰਿਹਾ ਹੈ। ਜ਼ਿਲ੍ਹਾ ਰੋਜ਼ਗਾਰ ਅਫ਼ਸਰ ਪ੍ਰਭਜੋਤ ਸਿੰਘ ਨੇ ਦੱਸਿਆ ਕਿ ਕੈਂਪ 'ਚ ਏਜ਼ਾਈਲ ਹਰਬਲ ਕੰਪਨੀ ਤੇ ਐਚ. ਡੀ. ਐਫ. ਸੀ. ਬੈਂਕ ਵਲੋਂ ਵੱਖ-ਵੱਖ ਅਸਾਮੀਆਂ ਲਈ ਇੰਟਰਵਿਊ ਲਏ ਜਾਣਗੇ। ਏਜ਼ਾਈਲ ਕੰਪਨੀ ਵਲੋਂ ਮਹਿਲਾ ਉਮੀਦਵਾਰਾਂ ਲਈ ਵੈਲਨੈੱਸ ਐਡਵਾਈਜ਼ਰ, ਮੈਨੇਜਰ ਤੇ ਸਹਾਇਕ ਮੈਨੇਜਰ ਦੀਆਂ 50 ਅਸਾਮੀਆਂ ਲਈ ਇੰਟਰਵਿਊ ਕੀਤੇ ਜਾਣਗੇ। ਘੱਟੋ-ਘੱਟ ਯੋਗਤਾ ਬਾਰ੍ਹਵੀਂ/ਗਰੈਜੂਏਸ਼ਨ ਤੇ ਉਮਰ 18-26 ਸਾਲ ਹੈ। ਤਨਖ਼ਾਹ 10,000 ਤੋਂ 18,000 ਰੁਪਏ ਹੋਵੇਗੀ। ਨੌਕਰੀ ਦਾ ਸਥਾਨ ਮੁਹਾਲੀ ਹੈ। ਐਚ. ਡੀ. ਐਫ. ਸੀ. ਬੈਂਕ ਵਲੋਂ 20-28 ਸਾਲ ਦੇ ਗ੍ਰੈਜੂਏਟ ਪੁਰਸ਼ ਉਮੀਦਵਾਰਾਂ ਲਈ ਸੇਲਜ਼ ਐਗਜ਼ੀਕਿਊਟਿਵ ਦੀਆਂ 10 ਅਸਾਮੀਆਂ ਲਈ ਇੰਟਰਵਿਊ ਲਏ ਜਾਣਗੇ, ਜਿਨ੍ਹਾਂ ਦੀ ਤਨਖ਼ਾਹ 11,500 ਤੋਂ 20,000 ਰੁਪਏ + 1,000 ਤੋਂ 1,05,000 ਰੁਪਏ ਤੱਕ ਪ੍ਰੋਤਸਾਹਨ ਰਹੇਗਾ। ਨੌਕਰੀ ਰੂਪਨਗਰ, ਮੋਰਿੰਡਾ, ਕੁਰਾਲੀ, ਨੰਗਲ, ਨਵਾਂਸ਼ਹਿਰ ਸਮੇਤ ਕਈ ਸਥਾਨਾਂ 'ਤੇ ਹੋਵੇਗੀ। ਇੰਟਰਵਿਊ ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ, ਮਿੰਨੀ ਸਕੱਤਰੇਤ ਰੂਪਨਗਰ ਵਿਚ ਲਏ ਜਾਣਗੇ। ਵਧੇਰੇ ਜਾਣਕਾਰੀ ਲਈ ਹੈਲਪ ਲਾਈਨ ਨੰਬਰ 01881-222104 'ਤੇ ਸੰਪਰਕ ਕੀਤਾ ਜਾ ਸਕਦਾ ਹੈ।

ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵਲੋਂ ਪਿੰਡ ਹੰਬੇਵਾਲ 'ਚ ਅਸ਼ੋਕ ਰਾਣਾ ਦੀ ਅਗਵਾਈ ਹੇਠ ਲੋੜਵੰਦਾਂ ਨੂੰ ਪੈਨਸ਼ਨ ਤੇ ਹੋਰ ਸਹਾਇਤਾ ਰਾਸ਼ੀ ਦੇ ਚੈੱਕ ਵੰਡੇ ਜਾਣ ਦੀ ਤਸਵੀਰ।

ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਨੇ 102 ਤੋਂ ਵੱਧ ਲੋਕਾਂ ਨੂੰ ਸਹਾਇਤਾ ਰਾਸ਼ੀ ਵਜੋਂ ਵੰਡੇ 82,500 ਦੇ ਚੈੱਕ

ਨੰਗਲ, 27 ਨਵੰਬਰ (ਪ੍ਰੀਤਮ ਐਸ ਬਰਾਰੀ)-ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵਲੋਂ ਪਿੰਡ ਹੰਬੇਵਾਲ 'ਚ ਸੰਸਥਾ ਦੇ ਨੰਗਲ ਪ੍ਰਤੀਨਿਧੀ ਅਸ਼ੋਕ ਰਾਣਾ ਦੀ ਅਗਵਾਈ ਹੇਠ ਇਕ ਪ੍ਰੋਗਰਾਮ ਆਯੋਜਿਤ ਕੀਤਾ ਅਤੇ ਨੰਗਲ ਤਹਿਸੀਲ ਦੇ ਵੱਖ-ਵੱਖ ਪਿੰਡਾਂ ਦੇ 102 ਲੋੜਵੰਦ ਲੋਕਾਂ ਨੂੰ ਕੁੱਲ 82,500 ਰੁਪਏ ਦੇ ਚੈੱਕ ਵੰਡੇ ਗਏ। ਜਾਣਕਾਰੀ ਦਿੰਦਿਆਂ ਅਸ਼ੋਕ ਰਾਣਾ ਨੇ ਦੱਸਿਆ ਕਿ ਟਰੱਸਟ ਦੇ ਮੈਨੇਜਿੰਗ ਡਾਇਰੈਕਟਰ ਡਾ. ਐਸ. ਪੀ. ਸਿੰਘ ਓਬਰਾਏ ਦੀ ਅਗਵਾਈ ਹੇਠ, ਨੰਗਲ ਤਹਿਸੀਲ 'ਚ ਨਿਰੰਤਰ ਚੈਰੀਟੇਬਲ ਕਾਰਜ ਚੱਲ ਰਹੇ ਹਨ। ਉਨ੍ਹਾਂ ਅੱਗੇ ਕਿਹਾ ਕਿ ਹਰ ਮਹੀਨੇ ਵਿੱਤੀ ਤੌਰ 'ਤੇ ਕਮਜ਼ੋਰ, ਬੇਸਹਾਰਾ, ਗਰੀਬ, ਬਿਮਾਰ ਤੇ ਲੋੜਵੰਦ ਲੋਕਾਂ ਨੂੰ ਪੈਨਸ਼ਨ ਫੰਡ ਪ੍ਰਦਾਨ ਕਰਕੇ ਸਹਾਇਤਾ ਕੀਤੀ ਜਾਂਦੀ ਹੈ। ਉਨ੍ਹਾਂ ਅੱਗੇ ਕਿਹਾ ਕਿ 84 ਪੈਨਸ਼ਨ ਚੈੱਕ ਤੇ 18 ਬਿਮਾਰ ਵਿਅਕਤੀਆਂ ਨੂੰ ਵਿੱਤੀ ਸਹਾਇਤਾ ਕੀਤੀ ਗਈ। ਇਹ ਕੰਮ ਟਰੱਸਟ ਦੇ ਰਾਸ਼ਟਰੀ ਪ੍ਰਧਾਨ ਜੱਸਾ ਸਿੰਘ, ਸਿਹਤ ਸੇਵਾਵਾਂ ਦੇ ਡਾਇਰੈਕਟਰ, ਆਰ. ਐਸ. ਅਟਵਾਲ ਤੇ ਜ਼ਿਲ੍ਹਾ ਪ੍ਰਧਾਨ, ਜੇ. ਕੇ. ਜੱਗੀ ਦੀ ਨਿਗਰਾਨੀ ਹੇਠ ਲਗਾਤਾਰ ਜਾਰੀ ਹੈ। ਇਸ ਮੌਕੇ ਟਰੱਸਟ ਦੇ ਨੰਗਲ ਪ੍ਰਧਾਨ ਅਸ਼ੋਕ ਰਾਣਾ, ਜਨਰਲ ਸਕੱਤਰ ਐਡਵੋਕੇਟ ਅਨਮੋਲ ਰਾਣਾ, ਸਮਾਜ ਸੇਵਕ ਕਪੂਰ ਸਿੰਘ, ਜਰਨੈਲ ਸਿੰਘ ਸੰਧੂ, ਸਾਬਕਾ ਚੇਅਰਮੈਨ ਬਲਾਕ ਸੰਮਤੀ ਜੋਗਿੰਦਰ ਸਿੰਘ, ਰਾਣਾ ਘਨਸ਼ਿਆਮ, ਰਫੀਕ ਮੁਹੰਮਦ, ਸਵਰਨ ਸਿੰਘ, ਕੈਪਟਨ ਬਲਰਾਜ ਸਿੰਘ, ਰਜਿਤ ਚਾਂਦਲਾ, ਰਾਕੇਸ਼ ਕੁਮਾਰ, ਪ੍ਰੇਮ ਚੰਦ, ਦੀਪਕ ਕੁਮਾਰ ਸ਼ਰਮਾ, ਵਿਸ਼ਾਲ ਸ਼ਰਮਾ, ਪੁਸ਼ਪਾ ਦੇਵੀ, ਸੁਰਿੰਦਰ ਸਿੰਘ, ਸ਼ਬਨਮ ਰਾਣਾ, ਬਲਰਾਮ ਸਿੰਘ, ਦਿਲਬਾਗ ਸਿੰਘ, ਅਸ਼ੋਕ ਸੈਣੀ ਆਦਿ ਹਾਜ਼ਰ ਸਨ।

ਨੂਰਪੁਰ ਬੇਦੀ ਪੁਲਿਸ ਵਲੋਂ ਭੁੱਕੀ ਸਮੇਤ ਇਕ ਕਾਬੂ

ਨੂਰਪੁਰ ਬੇਦੀ, 27 ਨਵੰਬਰ (ਰਾਜੇਸ਼ ਚੌਧਰੀ ਤਖਤਗੜ੍ਹ)-ਸਥਾਨਕ ਪੁਲਿਸ ਨੇ ਇਕ ਨੌਜਵਾਨ ਨੂੰ 20 ਕਿੱਲੋ ਤੋਂ ਵੱਧ ਭੁੱਕੀ (ਚੂਰਾ ਪੋਸਤ) ਸਮੇਤ ਗ੍ਰਿਫ਼ਤਾਰ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਨੂਰਪੁਰ ਬੇਦੀ ਥਾਣਾ ਮੁਖੀ ਇੰਸਪੈਕਟਰ ਰੋਹਿਤ ਸ਼ਰਮਾ ਨੇ ਦੱਸਿਆ ਕਿ ਬੀਤੇ ਦਿਨ ਏ. ਐਸ. ਆਈ. ਮਲਕੀਤ ਸਿੰਘ ਪੁਲਿਸ ਪਾਰਟੀ ਸਮੇਤ ਸ਼ੱਕੀ ਵਿਅਕਤੀਆਂ ਦੀ ਭਾਲ 'ਚ ਗਸ਼ਤ ਕਰ ਰਹੇ ਸਨ। ਜਦੋਂ ਪੁਲਿਸ ਪਾਰਟੀ ਪਿੰਡ ਗੋਪਾਲਪੁਰ ਤੋਂ ਹਿਆਤਪੁਰ ਵੱਲ ਜਾਂਦੀ ਲਿੰਕ ਰੋਡ 'ਤੇ ਪਹੁੰਚੀ ਤਾਂ ਪਿੰਡ ਹਿਆਤਪੁਰ ਸਾਈਡ ਤੋਂ ਇਕ ਵਿਅਕਤੀ ਮੋਟਰਸਾਈਕਲ 'ਤੇ ਆਉਂਦਾ ਦਿਖਾਈ ਦਿੱਤਾ। ਉਸ ਦੇ ਮੋਟਰਸਾਈਕਲ ਦੇ ਪਿੱਛੇ ਚਿੱਟੇ ਰੰਗ ਦਾ ਇਕ ਭਰਿਆ ਹੋਇਆ ਪਲਾਸਟਿਕ ਥੈਲਾ ਰੱਸੀ ਨਾਲ ਬੰਨ੍ਹਿਆ ਹੋਇਆ ਸੀ। ਪੁਲਿਸ ਗੱਡੀ ਨੂੰ ਦੇਖ ਕੇ ਉਹ ਇਕਦਮ ਘਬਰਾ ਗਿਆ ਅਤੇ ਮੋਟਰਸਾਈਕਲ ਪਿੱਛੇ ਵੱਲ ਮੋੜਨ ਲੱਗਾ। ਸ਼ੱਕ ਦੇ ਆਧਾਰ 'ਤੇ ਏ. ਐਸ. ਆਈ. ਮਲਕੀਤ ਸਿੰਘ ਨੇ ਉਸ ਨੂੰ ਕਾਬੂ ਕਰਕੇ ਨਾਂਅ-ਪਤਾ ਪੁੱਛਿਆ। ਉਸ ਨੇ ਆਪਣਾ ਨਾਂਅ ਨਰਿੰਦਰ ਸਿੰਘ ਉਰਫ਼ ਨਿੰਦਾ ਪੁੱਤਰ ਬਲਵੀਰ ਸਿੰਘ ਵਾਸੀ ਪਿੰਡ ਬਾੜੀਆਂ, ਥਾਣਾ ਨੂਰਪੁਰ ਬੇਦੀ, ਜ਼ਿਲ੍ਹਾ ਰੂਪਨਗਰ ਦੱਸਿਆ। ਏ. ਐਸ. ਆਈ. ਮਲਕੀਤ ਸਿੰਘ ਵਲੋਂ ਉਸ ਦੀ ਹਾਜ਼ਰੀ 'ਚ ਪਲਾਸਟਿਕ ਦਾ ਥੈਲਾ ਖੋਲ੍ਹ ਕੇ ਚੈੱਕ ਕੀਤਾ। ਚੈੱਕ ਕਰਨ 'ਤੇ ਥੈਲੇ 'ਚੋਂ 20 ਕਿੱਲੋ 800 ਗ੍ਰਾਮ ਭੁੱਕੀ (ਚੂਰਾ ਪੋਸਤ) ਬਰਾਮਦ ਹੋਈ। ਪੁਲਿਸ ਨੇ ਮੌਕੇ 'ਤੇ ਹੀ ਵਿਅਕਤੀ ਨੂੰ ਕਾਬੂ ਕਰਕੇ ਮੁਕੱਦਮਾ ਦਰਜ ਕੀਤਾ ਹੈ। ਥਾਣਾ ਮੁਖੀ ਨੇ ਦੱਸਿਆ ਕਿ ਦੋਸ਼ੀ ਨੂੰ ਅਦਾਲਤ ਵਿਚ ਪੇਸ਼ ਕਰਕੇ ਇਕ ਦਿਨ ਦਾ ਪੁਲਿਸ ਰਿਮਾਂਡ ਹਾਸਿਲ ਕੀਤਾ ਗਿਆ ਹੈ।

ਚੂਰਾ ਪੋਸਤ ਸਣੇ ਕਾਬੂ ਕੀਤਾ ਵਿਅਕਤੀ ਨੂਰਪੁਰ ਬੇਦੀ ਪੁਲਿਸ ਨਾਲ। ਤਸਵੀਰ : ਰਾਜੇਸ਼ ਚੌਧਰੀ

ਮਹਿਲਾ ਵਲੋਂ ਫਾਹਾ ਲੈ ਕੇ ਕੀਤੀ ਖ਼ੁਦਕੁਸ਼ੀ

ਸ੍ਰੀ ਚਮਕੌਰ ਸਾਹਿਬ, 27 ਨਵੰਬਰ (ਜਗਮੋਹਣ ਸਿੰਘ ਨਾਰੰਗ)-ਸਥਾਨਕ ਮਾੜੀ ਮੁਹੱਲੇ ਵਿਚ ਇਕ 36 ਵਰ੍ਹਿਆਂ ਦੀ ਮਹਿਲਾ ਨੇ ਗੱਲ ਫਾਹਾ ਲੈ ਕੇ ਆਪਣੀ ਜੀਵਨ ਲੀਲ੍ਹਾ ਸਮਾਪਤ ਕਰ ਲਈ। ਪੁਲਿਸ ਨੇ ਲਾਸ਼ ਨੂੰ ਆਪਣੇ ਕਬਜ਼ੇ ਵਿਚ ਲੈ ਕੇ ਇਸ ਘਟਨਾ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਉਕਤ ਮਹਿਲਾ ਦੇ ਪਤੀ ਨੇ ਦੱਸਿਆ ਕਿ ਉਸ ਦੀ ਪਤਨੀ ਕੁੱਝ ਸਮੇਂ ਤੋਂ ਡਿਪਰੈਸ਼ਨ ਵਿਚ ਸੀ। ਇਸ ਹਾਦਸੇ ਦੀ ਜਾਂਚ ਕਰ ਰਹੇ ਤਫਤੀਸ਼ੀ ਅਧਿਕਾਰੀ ਏ. ਐਸ. ਆਈ. ਰਾਜਿੰਦਰ ਸਿੰਘ ਨੇ ਦੱਸਿਆ ਕਿ ਅਜੇ ਮਹਿਲਾ ਦੇ ਪੇਕੇ ਪਰਿਵਾਰ ਦੀ ਉਡੀਕ ਕੀਤੀ ਜਾ ਰਹੀ ਹੈ। ਇਸ ਮਾਮਲੇ 'ਚ ਜੋ ਬਣਦੀ ਕਾਨੂੰਨੀ ਕਾਰਵਾਈ ਹੋਵੇਗੀ, ਉਸ ਨੂੰ ਅਮਲ 'ਚ ਲਿਆਂਦਾ ਜਾਵੇਗਾ।

ਸਕਿਉਰਿਟੀ ਗਾਰਡ ਦੀ ਲੋੜ

ਅਦਾਰਾ 'ਅਜੀਤ' ਨੂੰ ਮੋਹਾਲੀ ਪ੍ਰੈੱਸ ਵਿਖੇ ਸਕਿਉਰਿਟੀ ਗਾਰਡਾਂ ਦੀ ਲੋੜ ਹੈ। ਯੋਗਤਾ : ਘੱਟ ਤੋਂ ਘੱਟ +2 ਪਾਸ ਹੋਵੇ। ਤਜਰਬੇਕਾਰ ਅਤੇ ਲੋਕਲ ਨੂੰ ਪਹਿਲ। ਉਮੀਦਵਾਰ ਆਪਣਾ ਬਾਇਓਡਾਟਾ ਤੇ ਤਸਵੀਰ ਸਮੇਤ ਹੇਠ ਲਿਖੇ ਪਤੇ 'ਤੇ ਪਹੁੰਚਾਉਣ।

ਜਨਰਲ ਮੈਨੇਜਰ
'ਅਜੀਤ' ਪ੍ਰਕਾਸ਼ਨ ਸਮੂਹ,
ਨਹਿਰੂ ਗਾਰਡਨ ਰੋਡ, ਜਲੰਧਰ।
Email: ajit@ajitjalandhar.com
Mob. 94172-20400

ਨੂਰਪੁਰ ਬੇਦੀ ਬਲਾਕ ਦੇ 75 ਪਿੰਡਾਂ ਲਈ ਨਹਿਰੀ ਪਾਣੀ ਦੀ ਫਿਜ਼ੀਬਿਲਿਟੀ ਰਿਪੋਰਟ ਤਿਆਰ

ਨੂਰਪੁਰ ਬੇਦੀ, 27 ਨਵੰਬਰ (ਰਾਜੇਸ਼ ਚੌਧਰੀ ਤਖਤਗੜ੍ਹ)-ਨੂਰਪੁਰ ਬੇਦੀ ਬਲਾਕ ਦੇ 75 ਪਿੰਡਾਂ ਨੂੰ ਸਿੰਚਾਈ ਲਈ ਨਹਿਰੀ ਪਾਣੀ ਉਪਲਬਧ ਕਰਵਾਉਣ ਸੰਬੰਧੀ ਲੰਬੇ ਸਮੇਂ ਤੋਂ ਲਟਕਿਆ ਪ੍ਰਾਜੈਕਟ ਹੁਣ ਤੇਜ਼ੀ ਨਾਲ ਅੱਗੇ ਵਧ ਰਿਹਾ ਹੈ। ਇਸ ਲਈ ਫਿਜ਼ੀਬਿਲਿਟੀ ਸਰਵੇ ਦਾ ਕੰਮ ਮੁਕੰਮਲ

(ਬਾਕੀ ਸਫ਼ਾ 6 'ਤੇ)

ਪਛਾਣ ਲਈ ਅਪੀਲ



ਆਮ ਜਨਤਾ ਨੂੰ ਇਸ ਦੁਆਰਾ ਸੂਚਿਤ ਕੀਤਾ ਜਾਂਦਾ ਹੈ ਕਿ ਇਕ ਅਣਪਛਾਤਾ ਪੁਰਸ਼ ਉਮਰ 70 ਸਾਲ, ਕੱਦ 5'-8" ਇੰਚ ਰੰਗ ਕਣਕਵੰਨਾ ਅਤੇ ਲਾਲ ਰੰਗ ਦਾ ਅਪਰ ਜਿਸ ਉਪਰ 'ਸੀ ਕੇ' ਲਿਖਿਆ, ਸਫੇਦ ਧਾਰੀਦਾਰ ਸ਼ਰਟ ਅਤੇ ਨੀਲੇ ਰੰਗ ਦੀ ਪੈਂਟ ਪਹਿਨੇ ਹੋਏ, ਖੱਬੇ ਪਾਸੇ ਹੱਥ 'ਤੇ ਸਰਜਰੀ ਨਿਸ਼ਾਨ ਹੈ। ਮਿਤੀ 18.11.2025 ਨੂੰ ਸੂਚਨਾ ਪ੍ਰਾਪਤ ਹੋਈ ਕਿ ਇਕ ਵਿਅਕਤੀ ਜੋ ਅਣਪਛਾਤਾ ਹੈ, ਨੂੰ ਸੀ ਆਰ ਨੰ: 251109925 ਦੁਆਰਾ ਜੀ ਐਮ ਸੀ ਐਚ-32 ਚੰਡੀਗੜ੍ਹ ਵਿਚ ਦਾਖਲ ਕਰਵਾਇਆ ਗਿਆ ਹੈ। ਇਸ ਸੰਬੰਧੀ ਇਕ ਡੀ ਡੀ ਆਰ ਨੰ: 15 ਮਿਤੀ 18.11.2025 ਧਾਰਾ 194 ਬੀ ਐਨ ਐਸ ਐਸ ਅਧੀਨ ਪੁਲਿਸ ਪੋਸਟ ਪੀ ਪੀ ਬੀ ਡੀ ਸੀ ਸੈਕਟਰ-26 ਚੰਡੀਗੜ੍ਹ ਵਿਚ ਦਰਜ ਕੀਤੀ ਗਈ ਹੈ। ਮ੍ਰਿਤਕ ਦੇ ਕਾਨੂੰਨੀ ਵਾਰਸਾਂ ਬਾਰੇ ਕੁਝ ਪਤਾ ਨਹੀਂ। ਉਸ ਦੀ ਫੋਟੋ ਉੱਪਰ ਦਿੱਤੀ ਗਈ ਹੈ।

ਮ੍ਰਿਤਕ ਦੇ ਥਹੁ-ਟਿਕਾਣੇ ਸੰਬੰਧੀ ਕਿਸੇ ਸੁਰਾਗ ਦੇ ਮਾਮਲੇ ਵਿਚ ਕ੍ਰਿਪਾ ਕਰਕੇ ਪੁਲਿਸ ਪੋਸਟ, ਬੀ ਡੀ ਸੀ ਚੰਡੀਗੜ੍ਹ ਨੂੰ ਫੋਨ ਨੰ: 0172-2750037, ਪੁਲਿਸ ਸਟੇਸ਼ਨ ਸੈਕਟਰ-26 ਨੂੰ ਫੋਨ ਨੰ: 0172-2750049, 2790594, ਐਸ ਐਚ ਓ ਪੁਲਿਸ ਸਟੇਸ਼ਨ-26, ਚੰਡੀਗੜ੍ਹ ਨੂੰ ਮੋਬਾਈਲ ਨੰ: 97795-80926 ਜਾਂ ਪੁਲਿਸ ਕੰਟਰੋਲ ਫੋਨ ਨੰ: 0172-2749194 ਜਾਂ 112 'ਤੇ ਸੂਚਿਤ ਕਰੋ।

ਚੰਡੀਗੜ੍ਹ ਪੁਲਿਸ।

श्रम एवं रोजगार मंत्रालय
भारत सरकार
MINISTRY OF LABOUR & EMPLOYMENT
GOVERNMENT OF INDIA
ਲੇਬਰ ਕੋਡ ਲਾਗੂ ਹੋਏ
ਮੋਦੀ ਸਰਕਾਰ ਦੀ ਗਾਰੰਟੀ
ਆਈ ਟੀ ਸੈਕਟਰ ਲਈ
ਫਿਕਸਡ-ਟਰਮ ਕਰਮਚਾਰੀਆਂ ਨੂੰ ਸਥਾਈ ਕਰਮਚਾਰੀਆਂ ਦੇ ਬਰਾਬਰ ਲਾਭ ਮਿਲਣਗੇ, ਸੇਵਾ ਦੇ ਇਕ ਸਾਲ ਤੋਂ ਬਾਅਦ ਹੀ ਗ੍ਰੈਚੁਟੀ
ਕੈਲੰਡਰ ਸਾਲ ਵਿਚ ਕੰਮ ਦੇ 180 ਦਿਨਾਂ ਤੋਂ ਬਾਅਦ ਸਾਲਾਨਾ ਕਮਾਊ ਛੁੱਟੀ ਦੀ ਵਿਵਸਥਾ
ਸਾਰੇ ਵਰਕਰਾਂ ਲਈ ਨਿਯ